بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.12.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਦਸੰਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشْهَدُ أَنْ لَا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بعد فاعوذ بالله من الشيطٰن الرجيم۔
بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔
اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَلَا الضَّآلِّیۡنَ ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਮਦੀਨੇ ਵੱਲ ਹਿਜਰਤ ਸਮੇਂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਸਾਥ ਦਾ ਵੀ ਵਰਨਣ ਹੈ । ਮੱਕੇ ਵਿੱਚ ਰਹਿੰਦੇ ਮੁਸਲਮਾਨਾਂ'ਤੇ ਜੱਦ ਮੱਕੇ ਦੇ ਕਾਫ਼ਰਾਂ (ਇਨਕਾਰੀਆਂ) ਨੇ ਅਤਿਆਚਾਰ ਤੇ ਜ਼ੁਲਮ ਨਿਰੰਤਰ ਵਧਾ ਦਿੱਤੇ ਤਾਂ ਇਸੇ ਕਾਲ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਇਕ ਸੁਪਨੇ ਵਿੱਚ ਦੋ ਮੁਸਲਮਾਨਾਂ ਨੂੰ ਖਜੂਰਾਂ ਵਿੱਚ ਘਿਰਿਆ ਸਥਾਨ ਹਿਜਰਤ ਲਈ ਦਿਖਾਇਆ ਗਿਆ । ਉਸਦਾ ਭੁਗੋਲਕ ਖੇਤਰ ਤੇ ਨਕਸ਼ਾ ਦੇਖਦਿਆਂ ਹੋਇਆ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਸਿਟੱਾ ਕੱਢਿਆ ਕਿ ਇਹ ਸਥਾਨ ਯਮਾਮਾ ਜਾਂ ਹਿਜਰ ਹੈ । ਕੁਝ ਚਿਰ ਮਗਰੋਂ ਜੱਦ ਮਦੀਨੇ ਦੇ ਭਲੇਪੁਰਖ ਅੰਸਾਰ ਨੇ ਇਸਲਾਮ ਕੁਬੂਲ ਕਰਨਾ ਸ਼ੁਰੂ ਕੀਤਾ ਤਾਂ ਇਲਾਹੀ ਸੰਕੇਤਾਂ ਅਨੁਸਾਰ ਆਪ'ਤੇ ਪ੍ਰਕਟ ਹੋਇਆ ਕਿ ਉਹ ਯਸਰਬ ਦੀ ਧਰਤੀ ਹੈ, ਜੋ ਬਾਦ ਵਿੱਚ ਮਦੀਨੇ ਦੇ ਨਾਂ ਨਾਲ ਪ੍ਰਸਿਧ ਹੋਣ ਵਾਲੀ ਸੀ ।

ਆਂਹਜ਼ਤ ਸਲਲੱਾਹੁ ਅਲੈਹਿ ਵਸਲੱਮ ਦੀ ਅਗਿਆ ਦੇ ਬਾਦ ਮੱਕੇ ਦੇ ਮੁਸਲਮਾਨਾ ਨੇ ਮਦੀਨੇ ਵੱਲ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ ਜਿਸ ਵਿੱਚ ਬੈਅਤੇ ਅਕਬਾ ਸਾਨੀਆ ਦੇ ਬਾਦ ਹੋਰ ਵੀ ਤੇਜ਼ੀ ਆ ਗਈ । ਮੱਕੇ ਦੇ ਜ਼ਾਲਮ ਸਰਦਾਰ ਗੁੱਸੇ ਨਾਲ ਲਾਲ ਪੀਲੇ ਹੋਕੇ ਮੁਸਲਮਾਨਾ'ਤੇ ਜ਼ੁਲਮ ਤੇ ਅਤਿਆਚਾਰ ਦੇ ਨਿਤ ਨਵੇਂ ਢੰਗ ਵਰਤਨ ਲੱਗ ਗਏ ਪਰ ਸਬਰ ਤੇ ਸੰਤੋਖ ਕਰਨ ਵਾਲੇ ਮੋਮਿਨਾ ਦੀ ਜਮਾਤ ਵਿੱਚੋਂ ਜੋ ਹਿਜਰਤ ਕਰ ਸਕਦੇ ਸਨ ਮਦੀਨੇ ਵੱਲ ਹਿਜਰਤ ਕਰਦੇ ਗਏ ਜੱਦ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਰੱਬੀ ਆਦੇਸ਼ ਦੀ ਉਡੀਕ ਕਰ ਰਹੇ ਸਨ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਜੱਦ ਹਿਜਰਤ ਦੀ ਆਗਿਆ ਮੰਗੀ ਤਾਂ ਆਪ ਸਲਲੱਾਹੁ ਅਲੈਹਿ ਵਨਲੱਮ ਨੇ ਫ਼ਰਮਾਇਆ ਕਿ ( عَلٰی رِسْلِكَ فَاِنِّیْ اَرْجُوْا اَنْ یُّؤْذَنَ لِیْ ) 'ਅਲਾ ਰਿਸਲਿਕਾ ਫ਼-ਇੰਨੀ ਅਰਜੂ ਅੰਯ ਯੂਜ਼ਨ ਲੀ' ਅਰਥਾਰਤ ਰਤਾ ਠਹਿਰ ਜਾਓ ਕਿਉਂਕਿ ਮੈਂ ਵੀ ਆਸ ਰਖੱਦਾ ਹਾਂ ਕਿ ਮੈਨੂੰ ਵੀ ਆਗਿਆ ਦਿੱਤੀ ਜਾਏ । ਅਖੀਰ ਵਿੱਚ ਮੱਕੇ ਵਿੱਚ ਰਸੂਲੁਲੱਾਹ ਸਲਲੱਾਹੁ

ਅਲੈਹਿ ਵਸਲੱਮ, ਹਜ਼ਰਤ ਅਬੂਬਕਰ ਰਜ਼ੀ ਅਲਾਹੁ ਅਨਹੁ ਹਜ਼ਰਤ ਅਲੀ ਰਜ਼ੀ ਅਲਾਹੁ ਅਨਹੁ ਅਤੇ ਕੁਝ ਗ਼ੁਲਾਮ ਰਹਿ ਗਏ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਮੱਕੇ ਦੇ ਇਨਕਾਰੀਆਂ ਨੂੰ ਜੱਦ ਇਹ ਖ਼ਦਸ਼ਾ ਹੋਇਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਹਿਜਰਤ ਕਰਕੇ ਮਦੀਨੇ ਚਲੇ ਜਾਣਗੇ ਤਾਂ ਉਹ ਆਪਜੀ ਦੇ ਵਿਰੁਧ ਖ਼ੁਫ਼ੀਆ ਰੂਪ ਵਿੱਚ ਸਲਾਹ ਕਰਨ ਲਈ ਕਸੀ ਬਿਨ ਕਲਾਬ ਦੇ ਘਰ ਦਾਰੁਲ ਨਦਵਾ ਵਿੱਚ ਇਕੱਠੇ ਹੋਏ । ਇਹ ਦਿਨ 'ਯੌਮੁਜ਼ ਜ਼ਹਮਾ' ਅਖਵਾਉਂਦਾ ਹੈ । ਇਸ ਸਲਾਹ ਮਸ਼ਵਰੇ ਵਿੱਚ ਕੁਰੈਸ਼ ਦੇ ਨਾਮੀ ਗਰਾਮੀ ਸਰਦਾਰਾਂ ਦੀ ਇਕ ਵੱਡੀ ਗਿਰਤੀ ਤੋਂ ਬਿਨਾ ਕੁਝ ਅਜਿਹੇ ਸਰਦਾਰ ਵੀ ਸ਼ਾਮਲ ਸਨ ਜਿੰਨ੍ਹਾ ਦੀ ਗਿਣਤੀ ਕੁਰੈਸ਼ਾਂ ਵਿੱਚ ਨਹੀਂ ਹੁੰਦੀ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਖ਼ਿਲਾਫ਼ ਵੱਖ ਵੱਖ ਵਿਓਂਤਾਂ ਗ਼ੌਰ ਕਰਨ ਹੇਠ ਲਿਆਂਦੀਆਂ ਗਈਆਂ ਜਿਵੇਂ ਜਾਂ ਤਾਂ ਇਕ ਹੀ ਥਾਂ ਪਾਬੰਦ ਕਰ ਦਿਤੱਾ ਜਾਵੇ ਜਾਂ ਫਿਰ ਦੇਸ਼ ਵਿੱਚੋਂ ਕੱਢ ਦਿਤੱਾ ਜਾਵੇ । ਪਰੰਤੂ ਅਬੂ ਜਹਿਲ ਦੀ ਰਾਏ ਸੀ ਕਿ ਕੁਰੈਸ਼ ਦੇ ਹਰ ਕਬੀਲੇ ਵਿੱਚੋਂ ਮਜ਼ਬੂਤ ਤੇ ਚੰਗੇ ਡੀਲ ਡੌਲ ਵਾਲੇ ਵਿਅਕਤੀ ਨੂੰ ਚੁਣਿਆ ਜਾਏ ਅਤੇ ਉਹ ਲੋਕ ਮੁਹਮੱਦ (ਸਲਲਾਹੁ ਅਲੈਹਿ ਵਸਲੱਮ) ਨੂੰ ਕਤਲ ਕਰ ਦੇਣ, ਇਸ ਪ੍ਰਕਾਰ ਆਪ ਦਾ ਕਤਲ ਸਰਿਆਂ ਕਬੀਲਿਆਂ ਵਿੱਚ ਵੰਡਿਆ ਜਾਵੇਗਾ ਅਤੇ ਬਨੂ ਅਬਦ ਮਨਾਫ਼ ਸਾਰਿਅਂ ਕਬੀਲਿਆਂ ਨਾਲ ਜੰਗ ਨਹੀਂ ਕਰ ਸਕਣਗੇ ਅਤੇ ਟੈਕਸ ਦੇਣ ਲਈ ਰਾਜ਼ੀ ਹੋ ਜਾਣਗੇ । ਇਸ'ਤੇ ਇਕ ਚਦੱਰ ਓੜ੍ਹੀ ਬੁੱਢੇ, ਵਢੇਰੀ ਉਮਰ ਦੇ ਇਬਲੀਸ ਗੁਣੀ ਵਿਅਕਤੀ ਨੇ ਜਿਸ ਨੂੰ ਕੋਈ ਜਾਣਦਾ ਵੀ ਨਹੀਂ ਸੀ ਕਹਿਣ ਲਗੱਾ ਮੈਂ ਨਜਦ ਵਾਸੀਆਂ ਵਿੱਚੋਂ ਹਾਂ ਅਤੇ ਤੁਹਾਡੀ ਭਲਾਈ ਲਈ ਆਇਆ ਹਾਂ । ਉਸ ਨੇ ਅਬੂ ਜਹਿਲ ਦੀ ਰਾਏ ਦਾ ਭਰਪੂਰ ਪੱਖ ਲਿਆ ਜਿਸ'ਤੇ ਸਾਰਿਆ ਨੇ ਸਹਿਮਤੀ ਪ੍ਰਗਟਾਈ । ਦੂਜੇ ਪਾਸੇ ਰੱਬ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਇਸ ਸਾਰੀ ਅਵਸਥਾ ਤੋਂ ਜਾਣੂ ਕਰਦਿਆਂ ਹੋਇਆਂ ਜਿਬਰਾਈਲ ਰਾਹੀਂ ਹਿਜਰਤ ਦੀ ਆਗਿਆ ਦਿੱਤੀ ਅਤੇ ਨਾਲ ਹੀ ਫ਼ਤਹਿ ਸਣੇ ਮੱਕੇ ਪਰਤਨ ਦੀ ਖ਼ੁਸ਼ਖ਼ਬਰੀ ਵੀ ਦਿੱਤੀ । ਹਿਜਰਤ ਦੀ ਆਗਿਆ ਮਿਲ ਜਾਣ ਦੇ ਬਾਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਕਰੜੀ ਗਰਮੀ ਦੀ ਰੁੱਤ ਵਿੱਚ ਦੁਪਹਿਰ ਸਮੇਂ ਚਦੱਰ ਓੜ੍ਹਕੇ ਬਚਦਿਆਂ ਹੋਇਆਂ ਕਿ ਕਿਸੇ ਨੂੰ ਪਤਾ ਨ ਲੱਗੇ ਹਜ਼ਰਤ ਅਬੂ ਬਕਰ ਰਜ਼ੀ ਅਲਾਹੁ ਅਨਹੁ ਦੇ ਘਰ ਗਏ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਬੂ ਬਕਰ ਰਜ਼ੀ ਅਲਾਹੁ ਅਨਹੁ ਨੂੰ ਦੱਸਿਆ ਕਿ ਮੈਨੂੰ ਰੱਬ ਵੱਲੋਂ ਹਿਜਰਤ ਕਰਨ ਦੀ ਆਗਿਆ ਮਿਲ ਗਈ ਹੈ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਅਰਜ਼ ਕੀਤੀ : ਹੇ ਰਸੂਲੁਲੱਾਹ ! ਕੀ ਮੈਨੂੰ ਵੀ ਨਾਲ ਲੈ ਚੱਲੋਗੇ ? ਆਪ ਨੇ ਫ਼ਰਮਾਇਆ, ਹਾਂ । ਹਿਜਰਤ ਕਰਨ ਬਾਰੇ ਕਿਉਂਕਿ ਪਹਿਲਾਂ ਹੀ ਸਫ਼ਰ ਦੇ ਸੰਕੇਤ ਮਿਲ ਚੁਕੇ ਸਨ ਇਸ ਲਈ ਹਜ਼ਰਤ ਅਬੂ ਬਕਰ ਰਜ਼ੀ ਅਲਾਹੁ ਅਨਹੁ ਨੇ ਆਪਣੀ ਚੰਗੀ ਸੋਚ ਨਾਲ ਦੋ ਊਠਣੀਆਂ ਪਹਿਲਾਂ ਹੀ ਅੱਠ ਸੋ ਦਿਰਹਮ ਵਿੱਚ ਖ਼ਰੀਦ ਕੇ ਤਿਆਰ ਕਰ ਲਈਆਂ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਹੱਠ ਨਾਲ ਹਜ਼ਰਤ ਅਬੂ ਬਕਰ ਰਜ਼ੀ ਅਲਾਹੁ ਅਨਹੁ ਤੋਂ ਇਕ ਊਠਣੀ ਚਾਰ ਸੌ ਦਿਰਹਮ ਵਿੱਚ ਅਤੇ ਇਕ ਰਿਵਾਇਤ ਅਨੁਸਾਰ ਅੱਠ ਸੌ ਦਿਰਹਮ ਵਿੱਚ ਖ਼ਰੀਦ ਲਈ ।

ਮਨਸੂਬੇ ਅਨੁਸਾਰ ਪਹਿਲਾ ਪੜਾਅ ਗ਼ਾਰੇ ਸੌਰ ਤੈਅ ਕੀਤਾ ਗਿਆ ਜਿੱਥੇ ਤਿੰਨ ਦਿਨ ਠਹਿਰਨਾ ਸੀ । ਮੱਕੇ ਦੇ ਆਲ੍ਹੇ ਦੁਆਲੇ ਦ ਰੇਤੀਲੇ ਮਾਰਗਾਂ ਤੋਂ ਜਾਣੂ ਇਕ ਮੁਸ਼ਰਿਕ ਪਰੰਤੂ ਸ਼ਰੀਫ਼ ਵਿਕਅਤੀ ਅਬਦੁਲੱਾਹ ਬਿਨ ਅਰੀਕਤ ਦੇ ਹਵਾਲੇ ਤਿੰਨ ਊਠਣੀਆਂ ਕੀਤੀਆਂ ਗਈਆਂ ਕਿ ਉਹ ਤਿੰਨ੍ਹ ਦਿਨ ਬਾਦ ਗ਼ਾਰੇ ਸੌਰ'ਤੇ ਸਵੇਰ ਸਵੇਰੇ ਲੈਕੇ ਆ ਜਾਏ । ਇਹ ਵਿਅਕਤੀ ਬਾਦ ਵਿੱਚ ਮੁਸਲਮਾਨ ਹੋ ਗਿਆ ਸੀ । ਹਜ਼ਰਤ ਅਬਦੁਲੱਾਹ ਬਿਨ ਅਬੂ ਬਕਰ ਦੇ ਸੁਪੁਰਦ ਇਹ ਡਿਊਟੀ ਲਈ ਗਈ ਕਿ ਉਹ ਪ੍ਰਤੀਦਿਨ ਮੱਕੇ ਦੇ ਹਾਲਾਤਾਂ ਦੀ ਰਾਤ ਸਮੇਂ ਗ਼ਾਰੇ ਸੌਰ 'ਤੇ ਆਣਕੇ ਰਿਪੋਰਟ ਕਰਨਗੇ । ਹਜ਼ਰਤ ਅਬੂ ਬਕਰ ਰਜ਼ੀ ਅਲਾਹੁ ਅਨਹੁ ਦੇ ਇਕ ਸੂਝਵਾਨ ਤੇ ਜ਼ਿਮੇਦਾਰ ਗ਼ੁਲਾਮ ਆਮਿਰ ਬਿਨ ਫ਼ਹੀਰਾ ਨੂੰ ਇਹ ਡਿਊਟੀ ਦਿੱਤੀ ਗਈ ਕਿ ਉਹ ਆਪਣੀਆਂ ਬਕਰੀਆਂ ਗ਼ਾਰੇ ਸੌਰ ਦੇ ਆਲ੍ਹੇ ਦੁਆਲੇ ਹੀ ਚਰਾਏਗਾ ਅਤੇ ਰਾਤ ਸਮੇਂ ਦੁੱਧ ਦੇਣ ਵਾਲੀ ਬਕਰੀਆਂ ਦਾ ਤਾਜ਼ਾ ਦੁੱਧ ਉਪਲਭਧ ਕਰੇਗਾ । ਹਜ਼ਰਤ ਅਲੀ ਰਜ਼ੀ ਅਲਾਹੁ ਅਨਹੁ ਦੇ ਸੁਪੁਰਦ ਇਹ ਕੰਮ ਹੋਇਆ ਕਿ ਉਹ ਰਾਤ ਨੂੰ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਪਵਿੱਤਰ ਬਿਸਤਰ ਵਿੱਚ ਆਪ ਸਲਲਾਹੁ ਅਲੈਹਿ ਵਸਲੱਮ ਦੀ ਹਰੀ ਜਾਂ ਇਕ

ਰਿਵਾਇਤ ਅਨੁਸਾਰ ਲਾਲ ਚਦੱਰ ਓੜ੍ਹਕੇ ਸੌਣਗੇ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਵੱਲੋਂ ਲੋਕਾਂ ਦੀਆਂ ਅਮਾਨਤਾਂ ਵਾਪਸ ਕਰਕੇ ਤਿੰਨ ਦਿਨ ਬਾਦ ਮਦੀਨੇ ਪਹੁੰਚ ਜਾਣਗੇ ।

ਹਿਜਰਤ ਦੇ ਸਫ਼ਰ ਲਈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਘਰੋਂ ਨਿਕਲਣ ਦੇ ਨੀਯਤ ਸਮੇਂ ਬਾਰੇ ਵੱਖ ਵੱਖ ਰਿਵਾਇਤਾਂ ਹਨ । ਬਹਿਰ ਹਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਨੁਸਾਰ ਆਪ ਸਵੇਰ ਸਮੇਂ ਘਰੋਂ ਨਿਕਲੇ ਅਤੇ ਕਿਸੇ ਵਿਰੋਧੀ ਨੇ ਆਪ ਨੂੰ ਨਹੀਂ ਦੇਖਿਆ ਜੱਦ ਕਿ ਵਿਰੋਧੀਆਂ ਨੇ ਆਪ ਦੇ ਘਰ ਦਾ ਘੇਰਾ ਘੱਤਿਆ ਹੋਇਆ ਸੀ । ਖ਼ੁਦਾ ਤਆਲਾ ਨੇ ਸੂਰਤ ਯਾਸੀਨ ਵਿੱਚ ਵਰਨਣ ਕੀਤਾ ਹੈ ਕਿ ਇਹਨਾ ਸਾਰਿਆਂ ਦੀਆਂ ਅਖੱਾਂ'ਤੇ ਪਰਦਾ ਪਾ ਦਿਤੱਾ ਗਿਆ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਉਹਨਾਂ ਦੇ ਸਿਰਾਂ'ਤੇ ਧੂੜ ਸੁਟੱਦਿਆਂ ਲੰਘ ਗਏ । ਇਸੇ ਪ੍ਰਕਾਰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਆਪਣੇ ਘਰੋਂ ਨਿਕਲ ਕੇ ਕਿਹੜੇ ਪਾਸੇ ਗਏ ਇਸ ਬਾਰੇ ਵੀ ਸਭ ਤੋਂ ਵਿਸ਼ਵਸਨੀ ਤੇ ਠੀਕ ਰਾਏ ਇਹੋ ਹੈ ਕਿ ਆਪ ਆਪਣੇ ਘਰ ਵਿੱਚੋਂ ਨਿਕਲਕੇ ਸਿੱਧੇ ਅਬੂ ਬਕਰ ਰਜ਼ੀ ਅਲਾਹੁ ਅਨਹੁ ਦੇ ਘਰ ਗਏ ਅਤੇ ਉੱਥੋਂ ਆਪ ਉਹਨਾਂ ਦੇ ਨਾਲ ਗ਼ਾਰੇ ਸੌਰ ਵੱਲ ਜਾਣ ਲਈ ਰਵਾਨਾ ਹੋਏ । ਹਿਜਰਤ ਦੇ ਸਫ਼ਰ ਵਿੱਚ ਮਾਰਗ ਲਈ ਹਜ਼ਰਤ ਆਇਸ਼ਾ ਰਜ਼ੀ ਅਲਾਹੁ ਅਨਹਾ ਨੇ ਆਪਣੀ ਬੁੱਧੀਮਤਾ ਨਾਲ ਦੋਹਾਂ ਵਿਅਕਤੀਆਂ ਲਈ ਇਕ ਥੈਲੇ ਵਿੱਚ ਕੁਝ ਸਮਾਨ ਪਾ ਦਿਤੱਾ । ਥੈਲੇ ਦਾ ਮੂੰਹ ਬੰਦ ਕਰਨ ਲਈ ਹਜ਼ਰਤ ਅਸਮਾਅ ਰਜ਼ੀ ਅਲਾਹੁ ਅਨਹਾ ਨੇ ਆਪਣੇ ਨਤਾਕ (ਕਮਰ ਬੰਦ, ਨਾੜੇ) ਦਾ ਇਕ ਟੋਟਾ ਪਾੜਕੇ ਉਸ ਨਾਲ ਥੈਲੇ ਦਾ ਮੂੰਹ ਬੰਨ੍ਹ ਦਿਤੱਾ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਹੇ ਅਸਮਾਅ ਰਜ਼ੀ ਅਲਾਹੁ ਅਨਹਾ ! ਤੁਹਾਡੇ ਇਸ ਨਤਾਕ ਦੇ ਬਦਲੇ ਰੱਬ ਤੁਹਾਨੂੰ ਸਵਰਗ ਵਿੱਚ ਦੋ ਨਤਾਕ ਪ੍ਰਦਾਨ ਕਰੇਗਾ । ਇਸ ਦੇ ਬਾਦ ਹਜ਼ਰਤ ਅਸਮਾਅ ਰਜ਼ੀ ਅਲਾਹੁ ਅਨਹਾ ਦਾ ਨਾਂ ਹਮੇਸ਼ਾ ਲਈ 'ਜ਼ਾਤਨ ਨਤਾਕ' ਪੈ ਗਿਆ ।

ਹਿਜਰਤ ਦੇ ਸਫ਼ਰ ਸਮੇਂ ਨਬੀ ਕਰੀਮ ਸਲਲਾਹੁ ਅਲੈਹਿ ਵਸਲੱਮ ਬੁਲੱਾਂ ਹੀ ਬੁਲੱਾਂ ਵਿੱਚ ਇਸ ਆਇਤ ਦਾ ਸਿਮਰਣ ਕਰਦਿਆਂ ਹੋਏ ਚਲੇ ਜਾ ਰਹੇ ਸਨ । ( وَقُلْ رَّبِّ اَدْخِلْنِيْ مُدْخَلَ صِدْقٍ وَّاَخْرِجْنِيْ مُخْرَجَ صِدْقٍ وَّاجْعَلْ لِّيْ مِنْ لَّدُنْكَ سُلْطٰنًا نَّصِيْرًا (بنی اسرائیل 17 :) 'ਵਕੁਲ ਰੱਬਿ ਅਦਖ਼ਿਲਨੀ ਮੁਦਖ਼ਾਲਾ ਸਿਦਕਿੰਵ ਵ ਅਖ਼ਰਿਜਨੀ ਮੁਖ਼ਰਾਜਾ ਸਿਦਕਿੰਵ ਵਜਅਲ ਲੀ ਮਿੰਲਾਦੁਨਕਾ ਸੁਲਤਾਨਨ ਨਸੀਰਾ' (ਬਨੀ ਇਸਰਾਈਲ : 17) । ਅਰਥ : ਤੂੰ ਕਹਿ, ਹੇ ਮੇਰੇ ਰੱਬ ! ਮੈਂਨੂੰ ਇਸ ਪ੍ਰਕਾਰ ਦਾਖ਼ਲ ਕਰ ਕਿ ਮੇਰਾ ਦਾਖ਼ਲ ਹੋਣਾ ਸਚੱਾਈ ਨਾਲ ਹੋਵੇ ਅਤੇ ਮੈਂਨੂੰ ਇਸ ਪ੍ਰਕਾਰ ਕੱਢ ਕਿ ਮੇਰਾ ਨਿਕਲਣਾ ਸਚੱਾਈ ਨਾਲ ਨਾਲ ਹੋਵੇ ਆਪਣੇ ਵਲੋਂ ਮੇਰੇ ਲਈ ਤਾਕਤਵਰ ਮਦਦ ਪ੍ਰਦਾਨ ਕਰ ।' ਜੱਦਕਿ 'ਸ਼ਰਹ ਜ਼ਰਕਾਨੀ' ਵਿੱਚ ਇਕ ਦੁਆ ਦਾ ਵੀ ਵਰਨਣ ਮਿਲਦਾ ਹੈ । ਖ਼ਨਾ ਕਾਬਾ ਦੇ ਪਿੱਛੋਂ ਦੀ ਲੰਘਦੇ ਹੋਏ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਮੱਕੇ ਵੱਲ ਆਪਣਾ ਮੂੰਹ ਕਰਕੇ ਫ਼ਰਮਾਇਆ ਕਿ ਬ-ਖ਼ੁਦਾ, ਹੇ ਮਕੱਾ ਤੂੰ ਰੱਬ ਦੀ ਧਰਤੀ ਵਿੱਚ ਮੈਂਨੂੰ ਤੇ ਰੱਬ ਨੂੰ ਸਭ ਤੋਂ ਵੱਧ ਪਿਆਰਾ ਹੈਂ ਅਤੇ ਜੇਕਰ ਤੇਰੇ ਵਸਨੀਕ ਮੈਂਨੂੰ ਜ਼ਬਰਦਸਤੀ ਨ ਕਢੱਦੇ ਤਾਂ ਮੈਂ ਕਦੇ ਨ ਨਿਕਲਦਾ ।

ਇਮਾਮ ਬੀਹਕੀ ਨੇ ਲਿੱਖਿਆ ਹੈ ਕਿ ਗ਼ਾਰੇ ਸੌਰ ਦੇ ਸਫ਼ਰ ਸਮੇਂ ਹਜ਼ਰਤ ਅਬੂ ਬਕਰ ਰਜ਼ੀ ਅਲਾਹੁ ਅਨਹੁ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸੁਰੱਖਿਆ ਖ਼ਾਤਰ ਆਪ ਦੇ ਅੱਗੇ ਪਿੱਛੇ ਤੇ ਸੱਜੇ ਖ਼ੱਬੇ ਚਲਦੇ ਤਾਂ ਜੋ ਆਪ ਹਰ ਪਾਸਿਓਂ ਸੁਰੱਖਿਅਤ ਤੇ ਅਮਨ ਵਿੱਚ ਰਹਿਣ । ਇਕ ਰਿਵਾਇਤ ਅਨੁਸਾਰ ਇਸ ਪਹਾੜੀ ਸਫ਼ਰ ਵਿੱਚ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਪੈਰ੍ਹ ਜ਼ਖ਼ਮੀ ਹੋ ਗਏ ਸਨ । ਗ਼ਾਰੇ ਸੌਰ ਪਹੁੰਚਣ'ਤੇ ਹਜ਼ਰਤ ਅਬੂ ਬਕਰ ਰਜ਼ੀ ਅਲਾਹੁ ਅਨਹੁ ਕਿਸੇ ਵੀ ਖ਼ਤਰੇ ਖ਼ਾਤਰ ਪਹਿਲਾਂ ਆਪ ਅੰਦਰ ਗਏ ਅਤੇ ਗ਼ਾਰ ਦੀ ਸਫ਼ਾਈ ਸੁਥਰਾਈ ਵੀ ਕੀਤੀ ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਅੰਦਰ ਆਉਂਣ ਦਾ ਸਦੱਾ ਦਿਤੱਾ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਹਜ਼ਰਤ ਅਬੂਬਕਰ ਰਜ਼ੀ ਅਲਾਹੁ ਅਨਹੁ ਦੇ ਪੱਟ'ਤੇ ਸਿਰ ਰਖੱਕੇ ਲੇਟ ਗਏ । ਹਜ਼ਰਤ ਅਬੂ ਬਕਰ ਰਜ਼ੀ ਅਲਾਹੁ ਅਨਹੁ ਨੇ ਆਪਣਾ ਪੈਰ੍ਹ ਇਕ ਮਗੋਰੇ ਵਿੱਚ ਰੱਖ ਦਿਤੱਾ ਜਿੱਥੇ ਕੋਈ ਬਿੱਛੂ ਜਾਂ ਸੱਪ ਆਦਿ ਡਸਦਾ ਰਿਹਾ ਪਰੰਤੂ ਆਪ ਨੇ ਰਤਾ ਵੀ ਹਿਲਜੁਲ ਨ ਕੀਤੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਅੱਖ ਖੋਲਣ'ਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ

ਅਨਹੁ ਦੇ ਚਿਹਰੇ ਦੀ ਬਦਲੀ ਹੋਈ ਹਾਲਤ ਦੇਖਕੇ ਸਾਰੀ ਗੱਲ ਪੁੱਛੀ ਅਤੇ ਆਪਣਾ ਥੁੱਕ ਉੱਥੇ ਲਾਇਆ ਜਿਸਦੇ ਬਾਦ ਉਹਨਾਂ ਦਾ ਪੈਰ੍ਹ ਇਉਂ ਸੀ ਜਿਵੇਂ ਕੁਝ ਹੋਇਆ ਹੀ ਨਹੀਂ ।

ਮੱਕੇ ਦੇ ਕੁਰੈਸ਼ ਨੂੰ ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਬਿਸਤਰ'ਤੇ ਹਜ਼ਰਤ ਅਲੀ ਦੇ ਸੌਣ ਦਾ ਪਤਾ ਲਗੱਾ ਤਾਂ ਆਪ ਰਜ਼ੀ ਅਲਾਹੁ ਅਨਹੁ ਨੂੰ ਮਾਰ ਕੁਟੱਕੇ ਛੱਡ ਦਿਤੱਾ । ਫਿਰ ਹਜ਼ਰਤ ਅਸਮਾ ਰਜ਼ੀ ਅਲਾਹੁ ਅਨਹਾ ਤੋਂ ਪੁੱਛ ਗਿੱਛ ਕਰਦਿਆਂ ਹੋਇਆਂ ਅਬੂ ਜਿਹਲ ਨੇ ਉਹਨਾਂ ਦੇ ਮੂੰਹ'ਤੇ ਜ਼ੋਰਦਾਰ ਥਪੱੜ ਮਾਰਿਆ ਜਿਸ ਨਾਲ ਉਹਨਾਂ ਦੇ ਕੰਨ੍ਹ ਦੀ ਵਾਲੀ ਟੁੱਟ ਗਈ । ਅਖੀਰ ਮੱਕੇ ਦੇ ਰਈਸ ਉਮਯੱਾ ਬਿਨ ਖ਼ਲਫ਼ ਆਪ ਇਕ ਮਾਹਰ ਖੋਜੀ ਨੂੰ ਨਾਲ ਲੈਕੇ ਆਪਣੇ ਸਾਥੀਆਂ ਸਣੇ ਐਨ ਗ਼ਾਰੇ ਸੌਰ ਦੇ ਮੂੰਹ'ਤੇ ਜਾ ਪੁਹੁੰਚਿਆ । ਹਜ਼ਰਤ ਅਬੂ ਬਕਰ ਰਜ਼ੀ ਅਲਾਹੁ ਅਨਹੁ ਵਰਨਣ ਕਰਦੇ ਹਨ ਕਿ ਮੈਂ ਉਹਨਾਂ ਦੇ ਪੈਰ੍ਹ ਦੇਖ ਰਿਹਾ ਸੀ ਅਤੇ ਕੋਈ ਵੀ ਅੰਦਰ ਝਾਤੀ ਮਾਰ ਲੈਂਦਾ ਤਾਂ ਅਸੀਂ ਫੜੇ ਜਾਂਦੇ । ਪਰ ਖ਼ਤਰੇ ਇਸ ਘੜੀ ਸਮੇਂ ਇਲਾਹੀ ਚਮਤਕਾਰ ਦੇ ਰੂਪ ਵਿੱਚ ਇਕ ਮਕੜੇ ਨੇ ਗ਼ਾਰ ਦੇ ਮੂੰਹ'ਤੇ ਜਾਲਾ ਬੰਨ੍ਹ ਦਿਤੱਾ ਅਤੇ ਕਬੂਤਰ ਦੇ ਇਕ ਜੋੜੇ ਨੇ ਆਲ੍ਹਣਾ ਬਣਾਕੇ ਆਂਡੇ ਦੇ ਦਿੱਤੇ । ਇਸ ਦੇ ਬਾਦ ਦਾ ਵਰਨਣ ਇਨਸ਼ਾਅਲੱਾਹ ਭਵਿੱਖ ਵਿੱਚ ਹੋਵੇਗਾ

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 24.12.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131